# ਰਹਿਤਨਾਮਾ ਭਾਈ ਨੰਦ ਲਾਲ

# ਰਹਿਤਨਾਮਾ ਭਾਈ ਨੰਦ ਲਾਲ

ਗੁਰਸਿਖ ! ਰਹਿਤ ਸੁਨਹੁ ਮੇਰੇ ਮੀਤ। ਉਠਿ ਪ੍ਰਭਾਤ ਕਰੇ ਹਿਤ ਚੀਤ।
ਵਾਹਿਗੁਰੂ ਪੁਨ ਮੰਤ੍ਰ ਸੁ ਜਾਪ। ਕਰ ਇਸਨਾਨ ਪੜ੍ਹੇ ਜਪੁ ਜਾਪੁ।੧।
ਦਰਸ਼ਨ ਕਰੇ ਮੇਰਾ ਪੁਨ ਆਇ। ਅਦਬ ਸਿਉਂ ਬੈਠ ਰਹਹਿ ਚਿਤ ਲਾਇ।
ਤੀਨ ਪਹਿਰ ਜਬ ਬੀਤੇ ਜਾਨ। ਕਥਾ ਸੁਨੈ ਗੁਰ ਹਿਤ ਚਿਤ ਠਾਨ।੨।
ਸੰਧਿਆ ਸਮੇਂ ਸੁਨੈ ਰਹਿਰਾਸ। ਕੀਰਤਨ ਕਥਾ ਸੁਨੈ ਹਰਿ ਜਾਸ।
ਇਨ ਪੈ ਨੇਮ ਜੁ ਏਕ ਕਰਾਇ। ਸੋ ਸਿਖ ਅਮਰਪੁਰੀ ਮਹਿ ਜਾਇ।੩।
ਪਾਂਚ ਨੇਮ ਕਰ ਸਿਖ ਜੁ ਧਾਰਹਿ। ਇਕੀਸ ਕੁਲ ਕੁਟੰਬ ਕਉ ਤਾਰਹਿ।
ਤਾਰੇ ਕੁਟੰਬ ਮੁਕਤ ਸੋ ਹੋਇ। ਜਨਮ ਮਰਨ ਨਹਿ ਪਾਵਹਿ ਸੋਇ।੪।

ਨੰਦ ਲਾਲ ਉਵਾਚ

ਤੁਮ ਜੁ ਕਹਾ ਗੁਰਦੇਵ ਜੀ, ਦਰਸ਼ਨ ਕਰਿ ਮੁਹ ਆਇ।
ਲਖੀਏ ਤੁਮਰਾ ਦਰਸ ਕਹਾਂ, ਕਹਹੁ ਮੋਹਿ ਸਮਝਾਇ।੫।

ਸ੍ਰੀ ਗੁਰੂ ਵਾਚ

ਤੀਨ ਰੂਪ ਹੈਂ ਮੋਹ ਕੇ, ਸੁਨਹੁ ਨੰਦ ! ਚਿਤ ਲਾਇ।
ਨਿਰਗੁਣ, ਸਰਗੁਣ, ਗੁਰਸ਼ਬਦ, ਕਹਹੁੰ ਤੋਹਿੰ ਸਮਝਾਇ।੬।

ਚੌਪਈ

ਏਕ ਰੂਪ ਤਿਹੁੰ ਗੁਣ ਤੇ ਪਰੇ। ਨੇਤਿ ਨੇਤਿ ਜਿਹ ਨਿਗਮ ਉਚਰੇ।
ਘਟਿ ਘਟਿ ਵਿਆਪਕ ਅੰਤਰਜਾਮੀ। ਪੂਰਿ ਰਹਯੋ ਜਿਉਂ ਜਲ ਘਟ ਭਾਨੀ।੭।
ਦੂਸਰ ਰੂਪ ਗ੍ਰੰਥ ਜੀ ਜਾਨਹੁ। ਆਪਨ ਅੰਗ ਮੇਰੇ ਕਰ ਮਾਨਹੁ।
ਰੋਮ ਰੋਮ ਅੱਛਰ ਸੋ ਲਹਹੁ। ਬਾਤ ਜਥਾਰਥ ਤੁਮ ਸੋਂ ਕਹਹੁੰ।੮।
ਜੋ ਸਿਖ ਗੁਰ ਦਰਸ਼ਨ ਕੀ ਚਾਹਿ। ਦਰਸ਼ਨ ਕਰੇ ਗ੍ਰੰਥ ਜੀ ਆਹਿ।
ਪ੍ਰਭਾਤ ਸਮੇਂ ਕਰਕੇ ਇਸਨਾਨ।, ਤੀਨ ਪ੍ਰਦੱਛਨਾ ਕਰੈ ਸੁਜਾਨ।੯।
ਸ਼ਬਦ ਸੁਨੈ ਗੁਰ ਹਿਤ ਚਿਤ ਲਾਇ। ਗਿਆਨ ਸ਼ਬਦ ਗੁਰ ਸੁਨੈ ਸੁਨਾਇ।
ਜੋ ਮਮ ਸਾਥ ਚਹੇ ਕਰਿ ਬਾਤ। ਗ੍ਰੰਥ ਜੀ ਪੜ੍ਹੈ ਬਿਚਾਰਹਿ ਸਾਥ।੧੦।
ਜੋ ਮੁਝ ਬਚਨ ਸੁਨਨ ਕੀ ਚਾਹਿ। ਗ੍ਰੰਥ ਵਿਚਾਰ ਸੁਨਹੁ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨ ਰੰਚਕ ਮਾਨ।੧੧।
ਤੀਸਰ ਰੂਪ ਸਿਖ ਹੈ ਮੋਰ। ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹੁ ਪ੍ਰੀਤਿ ਗੁਰਸ਼ਬਦ ਜੁ ਧਰੇ। ਗੁਰ ਕਾ ਦਰਸ਼ਨ ਨਿਤ ਉਠ ਕਰੇ।੧੨।

ਗਿਆਨ ਸ਼ਬਦ ਗੁਰੁ ਸੁਣੇ ਸੁਣਾਇ। ਜਪੁਜੀ ਜਾਪੁ ਪੜ੍ਹੇ ਚਿਤ ਲਾਇ।
ਗੁਰਦਵਾਰਨ ਕਾ ਦਰਸ਼ਨ ਕਰਹਿ। ਪਰਦਾਰਾ ਕਾ ਤਿਆਗ ਜੋ ਕਰਹਿ।੧੩।
ਗੁਰ ਸਿਖ ਸੇਵ ਕਰੇ ਚਿਤ ਲਾਇ। ਆਪਾ ਮਨ ਕਾ ਸਗਲ ਮਿਟਾਇ।
ਇਨ ਕਰਮਨ ਮਹਿ ਜੋ ਪਰਧਾਨ। ਸੋ ਸਿਖ ਮੇਰਾ ਰੂਪ ਪਹਿਚਾਨ।੧੪।

ਦੋਹਰਾ

ਐਸੇ ਗੁਰਸਿਖ ਮਾਨ ਹੈ, ਸੇਵਾ ਕਰੇ ਜੋ ਕੋਇ।
ਤਨ ਮਨ ਧਨ ਪੁੰਨ ਅਰਪਕੈ, ਸੋ ਮੁਝ ਸੇਵਾ ਹੋਇ।੧੫।
ਐਸੇ ਗੁਰਸਿਖ ਸੇਵ ਕੀ, ਮੋਹਿ ਪਹੁੰਚੇ ਆਇ।
ਸੁਨਹੁ ਨੰਦ! ਚਿਤ ਦੇਇ ਕਰਿ, ਮੁਕਤਿ ਬੈਕੁੰਠੈ ਪਾਇ।੧੬।

ਨੰਦ ਲਾਲ ਉਵਾਚ

ਨਿਰਗੁਣ ਸਰਗੁਣ ਗੁਰ ਸ਼ਬਦ, ਕਹੇ ਰੂਪ ਤੁਮ ਤੀਨ।
ਨਿਰਗੁਣ ਰੂਪ ਨਹੀਂ ਦੇਖੀਏ, ਸਰਗੁਣ ਸਿਖ ਅਧੀਨ।੧੭।

ਚੌਪਈ

ਤੁਮਰਾ ਨਿਰਗੁਣ ਰੂਪ ਅਪਾਰਾ। ਸੋ ਕਿਮ ਦੇਖੈਂ ਦੀਨ ਦਯਾਰਾ।
ਜਗਤ ਰੂਪ ਤੁਮ ਕਹਹੁ ਸੁਆਮੀ। ਘਟਿ ਘਟਿ ਵਾਸੀ ਅੰਤਰਯਾਮੀ।੧੮।

ਸ੍ਰੀ ਗੁਰੂ ਵਾਚ

ਸੁਨਹੁ ਸਿਖ ਭਾਈ ਨੰਦ ਲਾਲ! ਤੁਮਹਿ ਹਮਾਰੇ ਬਚਨ ਰਸਾਲ।
ਗੁਰਮੁਖ ਸਰਗੁਣ ਰੂਪ ਸੁਜਾਨ। ਪ੍ਰਿਥਮ ਸੇਵ ਗੁਰ ਹਿਤ ਚਿਤ ਕਾਨ।੧੯।
ਗੁਰ ਸਿਖ ਸੇਵ ਸ਼ਬਦ ਜੋ ਗਹਹੁ। ਸ਼ਬਦ ਸਰੂਪ ਸੋ ਇਹ ਬਿਧਿ ਲਹਹੁ।
ਸ਼ਬਦ ਸਰੂਪ ਵਾਕ ਜੋ ਧਾਰੇ। ਤਿਸ ਤੇ ਲਖੀਏ ਅਪਰ ਅਪਾਰੇ।੨੦।
ਤੇ ਮੈਂ ਗੋਸ਼ਟਿ ਕਹੀ ਸੋ ਭਾਈ। ਪੜ੍ਹੇ ਸੁਨੇ ਜੋ ਮਨ ਚਿਤ ਲਾਈ।
ਤਿਸ ਕੀ ਮਹਿਮਾ ਕਹਹੁ ਬਖਾਨ। ਜੋਤੀ ਜੋਤ ਮਿਲੈ ਮੋਹਿ ਆਨ।੨੧।
ਸੰਮਤ ਸਤ੍ਰਹ ਸਹਸ ਸੁ ਬਾਵਨ। ਮੱਘਰ ਨੌਮੀ ਸੁਖ ਦਾਵਨ।
ਸੁਰਗੁਰ ਵਾਹ ਸ਼ਤਦਰੂ ਤੀਰ। ਬਚਨ ਕਹੇ ਨੰਦ ਲਾਲ ਸੁ ਬੀਰ।੨੨।

ਦੋਹਰਾ

ਵਾਹਿਗੁਰੂ ਗੁਰ ਜਾਪਈ, ਵਾਹਿਗੁਰੂ ਕਰਿ ਧਿਆਨ।
ਮੁਕਤਿ ਲਾਭ ਮੋ ਹੋਇ ਹੈ, ਗੁਰਸਿਖ ਰਿਦਿ ਮਹਿ ਮਾਨ।੨੩।